मेरा कम ना पहाड़ां विच कोई

ਮੇਰਾ ਕੰਮ ਨਾ ਪਹਾੜਾਂ ਵਿੱਚ ਕੋਈ,
ਆਵਾਂ ਜਾਵਾਂ ਤੇਰੇ ਬਦਲੇ ॥
ਦੇ ਦੇ ਚਰਨਾਂ 'ਚ ਜੋਗੀ ਮੈਨੂੰ ਢੋਈ,
ਆਵਾਂ ਜਾਵਾਂ ਤੇਰੇ ਬਦਲੇ ।
ਮੇਰਾ ਕੰਮ ਨਾ ਪਹਾੜਾਂ,,,,,,,,,,,,,,,,,,,,,,,,,,

ਲੰਮੀਆਂ ਨੇ ਵਾਟਾਂ ਨਾਲੇ, ਉੱਚੀਆਂ ਪਹਾੜੀਆਂ ।
ਜਿੱਥੇ ਅਸੀਂ ਆਈਏ ਬਾਬਾ, ਕਰਕੇ ਤਿਆਰੀਆਂ ॥
ਆਏ ਗੁਫ਼ਾ ਉੱਤੇ, ਲੈ ਕੇ ਅਰਜ਼ੋਈ,
ਆਵਾਂ ਜਾਵਾਂ ਤੇਰੇ ਬਦਲੇ,,,
ਮੇਰਾ ਕੰਮ ਨਾ ਪਹਾੜਾਂ,,,,,,,,,,,,,,,,,,,,,,,,,,

ਕੱਢ ਕੇ ਹਾਂ ਆਏ ਅਸੀਂ, ਵੇਹਲ ਕੰਮ ਕਾਰ ਤੋਂ ।
ਮਾਣ ਸਤਿਕਾਰ ਮਿਲੇ, ਤੇਰੇ ਦਰਬਾਰ ਤੋਂ ॥
ਗੱਲ ਦਿਲ ਦੀ ਨਾ, ਮੈਂ ਵੀ ਕੋਈ ਲੁਕੋਈ,
ਆਵਾਂ ਜਾਵਾਂ ਤੇਰੇ ਬਦਲੇ,,,
ਮੇਰਾ ਕੰਮ ਨਾ ਪਹਾੜਾਂ,,,,,,,,,,,,,,,,,,,,,,,,,,

ਵਿਰਕਾਂ ਦੇ ਪ੍ਰੀਤ, ਬਲਿਹਾਰ ਦੱਸੀਂ ਜੁਗਤੀ ।
ਜੋਗੀ ਦਰ ਜਾਵੀਂ ਤੈਨੂੰ, ਮਿਲ ਜਾਊਗੀ ਮੁਕਤੀ ॥
ਜੋ ਵੀ ਮੰਗੀਏ, ਦੇਂਦਾ ਏ ਤੂੰ ਤੇ ਸੋਈ,
ਆਵਾਂ ਜਾਵਾਂ ਤੇਰੇ ਬਦਲੇ,,,
ਮੇਰਾ ਕੰਮ ਨਾ ਪਹਾੜਾਂ,,,,,,,,,,,,,,,,,,,,,,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ

https://www.bhajanganga.com/bhajan/lyrics/id/24994/title/mera-kam-na-pahada-vich-koi

अपने Android मोबाइल पर BhajanGanga App डाउनलोड करें और भजनों का आनंद ले |